**ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਸ ਵੈਲਫੇਅਰ ਬੋਰਡ**
**17 ਬੇਜ਼ ਬਿਲਡਿੰਗ ਸੈਕਟਰ 17 ਡੀ, ਚੰਡੀਗੜ੍ਹ**
(0172-2540125)

ਸੇਵਾ ਵਿਖੇ

ਰਾਜ ਦੇ ਸਾਰੇ
1.ਸਹਾਇਕ ਕਿਰਤ ਕਮਿਸ਼ਨਰ/
ਕਿਰਤ ਤੇ ਸੁਲਾਹ ਅਫ਼ਸਰ,
2.ਕਿਰਤ ਇੰਸਪੈਕਟਰ ਗ੍ਰੇਡ-1,
3.ਲੇਬਰ ਇੰਨਫੋਰਸਮੈਂਟ ਅਫ਼ਸਰ ਗ੍ਰੇਡ-2.

ਨੰ:ਬਕਵਵਬ/ਸ-2/2016/9811 — 9311
ਮਿਤੀ: 18.11.16

**ਵਿਸ਼ਾ:** **ਪੰਜਾਬ ਬੀ.ਓ.ਸੀ.ਡਬਲਿਯੂ. ਬੋਰਡ ਵੱਲੋਂ ਬੀ.ਓ.ਸੀ.ਡਬਲਿਯੂ. ਐਕਟ, 1996 ਅਧੀਨ ਪੰਜਾਬ ਉਸਾਰੀ ਕਿਰਤੀਆਂ ਦੇ ਬੱਚਿਆ ਨੂੰ ਵਜੀਫਾ ਸਕੀਮ, ਸ਼ਗਨ ਸਕੀਮ ਅਤੇ ਸਾਈਕਲ ਸਕੀਮ ਅਧੀਨ ਡਬਲ ਬੈਨੀਫਿਟ ਦੇਣ ਬਾਰੇ।**

ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ:ਬਕਵਵਬ/ਸ-2/2016/5833-5980 ਉਕਤ ਵਿਸ਼ੇ ਸਬੰਧੀ।

ਆਪਦਾ ਧਿਆਨ ਹਵਾਲਾ ਅਧੀਨ ਪੱਤਰ ਵੱਲ ਦਵਾਇਆ ਜਾਂਦਾ ਹੈ ਜਿਸ ਰਾਹੀਂ ਲਿਖਿਆ ਗਿਆ ਸੀ ਕਿ ਬੋਰਡ ਦੀ 21ਵੀਂ ਮੀਟਿੰਗ ਮਿਤੀ 19.7.2016 ਵਿੱਚ ਲਏ ਗਏ ਫੈਸਲੇ ਅਨੁਸਾਰ ਬੋਰਡ ਦੇ ਲਾਭਪਾਤਰੀਆਂ ਨੂੰ ਵਜੀਫਾ ਸਕੀਮ, ਸ਼ਗਨ ਸਕੀਮ ਅਤੇ ਸਾਈਕਲ ਸਕੀਮ ਅਧੀਨ ਲਾਭ ਦੇਣ ਤੋਂ ਪਹਿਲਾਂ ਉਨ੍ਹਾਂ ਪਾਸੋਂ ਸਵੈ-ਘੋਸ਼ਣਾ ਪੱਤਰ ਲਿਆ ਜਾਵੇ ਕਿ ਉਨ੍ਹਾਂ ਵੱਲੋਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੱਲੋਂ ਪੰਜਾਬ ਸਰਕਾਰ ਦੇ ਕਿਸੇ ਹੋਰ ਮਹਿਕਮੇ/ਸੰਸਥਾਂ ਵੱਲੋਂ ਚਲਾਈ ਜਾ ਰਹੀ ਅਜਿਹੀ ਸਕੀਮ ਅਧੀਨ ਕੋਈ ਲਾਭ ਪ੍ਰਾਪਤ ਨਹੀਂ ਕੀਤਾ ਗਿਆ ਹੈ, ਨਾ ਹੀ ਅਜਿਹਾ ਲਾਭ ਪ੍ਰਾਪਤ ਕਰਨ ਲਈ ਅਪਲਾਈ ਕੀਤਾ ਗਿਆ ਹੈ ਅਤੇ ਨਾ ਹੀ ਅਪਲਾਈ ਕੀਤਾ ਜਾਵੇਗਾ। ਇਸ ਉਪਰੰਤ ਮੁੜ ਬੋਰਡ ਦੀ 22ਵੀਂ ਮੀਟਿੰਗ ਜੋ ਮਿਤੀ 24.8.2016 ਨੂੰ ਹੋਈ ਸੀ ਵਿੱਚ ਫੈਸਲਾ ਲਿਆ ਗਿਆ ਸੀ ਕਿ ਜਿਨ੍ਹਾਂ ਲਾਭਪਾਤਰੀਆਂ ਦੀਆਂ ਰਕਮਾਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਅਜੇ ਜਮ੍ਹਾਂ ਨਹੀਂ ਕਰਵਾਈਆਂ ਗਈਆਂ ਅਜਿਹੇ ਸਾਰੇ ਕੇਸ ਦੋਹਰੇ ਬੈਨੀਫਿਟ ਬਾਰੇ ਸਵੈ-ਘੋਸ਼ਣਾ ਪੱਤਰ ਪ੍ਰਾਪਤ ਕਰਨ ਲਈ ਵਾਪਸ ਕਰ ਦਿੱਤੇ ਜਾਣ।

ਉਕਤ ਮੁੱਦੇ ਤੇ ਬੋਰਡ ਵੱਲੋਂ ਮੁੜ ਆਪਣੀ 23ਵੀਂ ਮੀਟਿੰਗ ਮਿਤੀ 9.11.2016 ਵਿੱਚ ਵਿਚਾਰ ਕਰਨ ਉਪਰੰਤ ਫੈਸਲਾ ਲਿਆ ਗਿਆ ਹੈ ਕਿ ਬੋਰਡ ਵੱਲੋਂ ਆਪਣੀ ਮੀਟਿੰਗ ਮਿਤੀ 19.7.2016 ਅਤੇ 24.8.2016 ਵਿੱਚ ਵਜੀਫਾ, ਸ਼ਗਨ, ਸਾਈਕਲ ਸਕੀਮ ਸਬੰਧੀ ਜਿਹੜੀ no double benefit ਦੀ ਸ਼ਰਤ ਲਗਾਈ ਸੀ ਨੂੰ ਖਤਮ ਕਰਦੇ ਹੋਏ ਮਿਤੀ 19.7.2016 ਦੇ ਫ਼ੈਸਲੇ ਤੋਂ ਪਹਿਲਾਂ ਵਾਲੀ ਸਥਿਤੀ ਨੂੰ ਬਹਾਲ ਕਰ ਦਿੱਤਾ ਜਾਵੇ ਅਤੇ ਕਿਰਤੀਆਂ ਦੀ ਵਜੀਫਾ, ਸ਼ਗਨ ਅਤੇ ਸਾਈਕਲ ਸਕੀਮ ਸਬੰਧੀ ਸਾਰੇ ਨਵੇਂ/ਪੁਰਾਣੇ ਕੇਸ ਪਾਸ ਕੀਤੇ ਜਾਣ। ਇਸ ਫੈਸਲੇ ਦੇ ਸਨਮੁੱਖ ਆਪਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਸਰਕਲ ਵਿੱਚ ਜਿੰਨੇ ਵੀ ਉਸਾਰੀ ਕਿਰਤੀਆਂ ਦੇ ਵਜੀਫਾ, ਸ਼ਗਨ ਅਤੇ ਸਾਈਕਲ ਸਬੰਧੀ ਨਵੇਂ-ਪੁਰਾਣੇ ਕੇਸ ਲੰਬਿਤ ਪਏ ਹੋਏ ਹਨ ਉਨ੍ਹਾਂ ਤੇ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਲਾਭਪਾਤਰੀਆਂ ਨੂੰ ਦਿੱਤੀ ਜਾਣ ਵਾਲੀ ਬਣਦੀ ਰਾਸ਼ੀ ਦੀ ਮੰਗ ਇਸ ਦਫ਼ਤਰ ਨੂੰ ਭੇਜੀ ਜਾਵੇ।

ਸਕੱਤਰ ਬੋਰਡ

ਪਿਠਅੰਕਣ ਨੰ:ਬਕਵਵਬ/ਸ-2/2016/9511 ਮਿਤੀ: 21.11.16

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਭੇਜਦੇ ਹੋਇਆਂ ਲਿਖਿਆ ਜਾਂਦਾ ਹੈ ਕਿ ਬੀ.ਓ.ਸੀ.ਡਬਲਿਯੂ ਬੋਰਡ ਵਲੋਂ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਵਜੀਫਾ ਸਕੀਮ, ਸ਼ਗਨ ਸਕੀਮ, ਅਤੇ ਸਾਈਕਲ ਸਕੀਮ ਅਧੀਨ ਡਬਲ ਬੈਨੀਫਿਟ ਦੇਣ ਸਬੰਧੀ ਜਿਹੜੀ no double benefit ਦੀ ਸ਼ਰਤ ਲਗਾਈ ਗਈ ਸੀ ਉਹ ਖਤਮ ਕਰ ਦਿੱਤੀ ਗਈ ਹੈ। ਇਸ ਸਬੰਧ ਵਿੱਚ ਆਪਣੇ ਅਧੀਨ ਆਉਂਦੇ ਸਾਰੇ ਅਧਿਕਾਰੀਆਂ ਨੂੰ ਸੂਚਿਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ:

1. ਡੀ.ਪੀ.ਆਈ. (ਕਾਲਜਾਂ), ਐਸ.ਸੀ.ਓ. ਨੰ: 66-67, ਸੈਕਟਰ-17 ਡੀ, ਚੰਡੀਗੜ੍ਹ।
2. ਡੀ.ਪੀ.ਆਈ. (ਸੈਕੰਡਰੀ), ਐਸ.ਸੀ.ਓ. ਨੰ: 95-97, ਸੈਕਟਰ-17 ਡੀ, ਚੰਡੀਗੜ੍ਹ।
3. ਡੀ.ਪੀ.ਆਈ.(ਐਲੀਮੈਂਟਰੀ), ਐਸ.ਸੀ.ਓ. ਨੰ: 31-34, ਸੈਕਟਰ-17 ਈ, ਚੰਡੀਗੜ੍ਹ।

ਡਿਪਟੀ ਸਕੱਤਰ